بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَاۤ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਖ਼ਿਲਾਫ਼ਤੇ ਅਹਮਦੀਆ ਲਈ ਰਬੱ ਦੀ ਮਦਦ ਦੇ ਕੁਝੱ ਕਿਸੱਿਆਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 26 ਮਈ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشۡهَدُ أَنۡ لَّاۤ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਰਬੱ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਜਦੱ ਖ਼ਬਰ ਦਿੱਤੀ ਕਿ ਆਪ ਦਾ ਇਸ ਸੰਸਾਰ ਤੋਂ ਆਕਾਲ ਚਲਾਣੇ ਦਾ ਸਮੇਂ ਕਰੀਬ ਹੈ ਤਾਂ ਆਪ ਨੇ ਜਮਾਅਤ ਨੂੰ ਸੰਬੋਧਿਤ ਕਰਦੇ ਹੋਏ ਫ਼ਰਮਾਇਆ : ਰਬੱ ਦੋ ਕਿਸਮ ਦੀ ਕੁਦਰਤ ਪ੍ਰਕਟ ਕਰਦਾ ਹੈ। ਪਹਿਲਾਂ ਆਪ ਨਬੀਆਂ ਦੇ ਹੱਥੋਂ ਆਪਣੀ ਕੁਦਰਤ ਦਾ ਹਥੱ ਵਿਖਾਉਂਦਾ ਹੈ। ਦੂਜਾ ਅਜਿਹੇ ਸਮੇਂ ਵਿਚੱ ਜਦੱ ਨਬੀ ਦੇ ਆਕਾਲ ਚਲਾਣੇ ਮਗਰੋਂ ਮੁਸ਼ਕਿਲਾਂ ਦਾ ਸਾਮ੍ਹਣਾ ਪੈਂਦਾ ਹੈ ਅਤੇ ਵਿਰੋਧੀ ਸ਼ਕਤੀ ਵਿਚੱ ਆ ਜਾਂਦੇ ਹਨ ਅਤੇ ਖ਼ਿਆਲ ਕਰਦੇ ਹਨ ਕਿ ਹੁਣ ਕੰਮ ਵਿਗੜ੍ਹ ਗਏ ਅਤੇ ਯਕੀਨ ਕਰ ਲੈਂਦੇ ਹਨ ਕਿ ਹੁਣ ਇਹ ਜਮਾਅਤ ਖ਼ਤਮ ਹੋ ਜਾਵੇਗੀ ਅਤੇ ਆਪ ਜਮਾਅਤ ਦੇ ਲੋਕ ਵੀ ਸ਼ਕੱ ਵਿਚੱ ਪੈ ਜਾਂਦੇ ਹਨ ਅਤੇ ਉਨਾਂ ਦੀਆਂ ਕਮਰਾਂ ਟੁਟੱ ਜਾਂਦੀਆਂ ਹਨ ਅਤੇ ਕਈ ਅਭਾਗੇ ਹਕੱ ਨੂੰ ਛਡੱ ਜਾਂਦੇ ਹਨ। ਤਦੱ ਰਬੱ ਦੂਜੀ ਵਾਰ ਆਪਣੀ ਜ਼ਬਰਦਸਤ ਕੁਦਰਤ ਪ੍ਰਕਟ ਕਰਦਾ ਹੈ ਅਤੇ ਡਿਗੱਦੀ ਹੋਈ ਜਮਾਅਤ ਨੂੰ ਸਾਂਭ ਲੈਂਦਾ ਹੈ। ਸੋ, ਉਹ ਜੋ ਅੰਤ ਤਕੱ ਸਬਰ-ਸੰਤੋਖ ਕਰਦਾ ਹੈ। ਰਬੱ ਦੇ ਇਸ ਚਮਤਕਾਰ ਨੂੰ ਵੇਖਦਾ ਹੈ। ਜਿਵੇਂ ਕਿ ਹਜ਼ਰਤ ਅਬੂ-ਬਕਰ ਰਜ਼ੀ ਅੱਲਾਹ ਅੰਨਹੋ ਦੇ ਸਮੇਂ ਹੋਇਆ। ਜਦੱਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਮੌਤ ਇਕੱ ਬੇ-ਸਮੇਂ ਮੌਤ ਸਮਝੀ ਗਈ ਅਤੇ ਬਹੁਤ ਸਾਰੇ ਪੈਂਡੂ ਨਾਦਾਨਾਂ ਨੇ ਹਕੱ ਤੋਂ ਇੰਨਕਾਰ ਕਰ ਦਿੱਤਾ ਅਤੇ ਸਹਾਬਾ ਰਜ਼ੀ ਅੱਲਾਹ ਅੰਨਹੋ ਵੀ ਮਾਰੇ ਦੁਖੱ ਦੇ ਦੀਵਾਨਿਆਂ ਵਾਂਗ ਹੋ ਗਏ। ਤਦੱ ਰਬੱ ਨੇ ਹਜ਼ਰਤ ਅਬੂ-ਬਕਰ ਸਦੀਕ ਰਜ਼ੀ ਅੱਲਾ ਅੰਨਹੋ ਨੂੰ ਖੜ੍ਹਾ ਕਰਕੇ ਮੁੜ੍ਹ ਆਪਣੀ ਕੁਦਰਤ ਦਾ ਨਮੂਨਾ ਵਿਖਾਇਆ ਅਤੇ ਇਸਲਾਮ ਨੂੰ ਖ਼ਤਮ ਹੁੰਦੇ ਹੁੰਦੇ ਥਾਮ ਲਿਆ ਅਤੇ ਇਸ ਵਚਨ ਨੂੰ ਪੂਰਾ ਕੀਤਾ। ਜੋ ਫ਼ਰਮਾਇਆ ਸੀ وَلَيُمَكِّنَنَّ لَهُمۡ دِيۡنَهُمُ الَّذِي ارۡتَضٰى لَهُمۡ وَلَيُبَدِّلَنَّهُمۡ مِّنۡۢ بَعۡدِ خَوۡفِهِمۡ اَمۡنًا ਅਰਥਾਤ ਖ਼ੌਫ਼ ਦੇ ਬਾਦ ਫ਼ਿਰ ਅਸੀਂ ਉਨਾਂ ਦੇ ਪੈਰ ਜਮ੍ਹਾਂ ਦੇਣਗੇ।

ਇੰਝ ਹੀ ਹਜ਼ਰਤ ਮੂਸਾ ਅਲੈਹਿ ਸਲਾਮ ਦੇ ਸਮੇਂ ਵਿਚੱ ਹੋਇਆ। ਜਦੱ ਉਹ ਮਿਸਰ ਅਤੇ ਕਿੰਨਆਨ ਦੀ ਰਾਹ ਵਿਚੱ ਇਸ ਤੋਂ ਪਹਿਲਾਂ ਜੋ ਬਨੀ ਇਸਰਾਈਲ ਨੂੰ ਵਚਨ ਦੇ ਅਨੁਸਾਰ ਉਦੇਸ਼ ਤਕੱ ਪਹੁੰਚਾਉਣ ਆਕਾਲ ਚਲਾਣਾ ਕਰ ਗਏ। ਤਦੱ ਬਨੀ ਇਸਰਾਈਲ ਵਿਚੱ ਇਕੱ ਮਾਤਮ ਫ਼ੈਲ੍ਹ ਗਿਆ ਅਤੇ ਉਹ ਚਾਲ੍ਹੀ ਦਿਨ ਤਕੱ ਰੌਂਦੇ ਰਹੇ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਤੁਹਾਡੇ ਲਈ ਦੂਜੀ ਕੁਦਰਤ ਦਾ ਵੇਖਣਾ ਵੀ ਜ਼ਰੂਰੀ ਹੈ ਅਤੇ ਉਸ ਦਾ ਆਉਣਾ ਤੁਹਾਡੇ ਲਈ ਚੰਗਾ ਹੈ। ਕਿਉਂਕਿ ਉਹ ਸਦੇਵੀਂ ਹੈ। ਜਿਸ ਦਾ ਸਿਲਸਿਲਾ ਪਰਲੈ

ਤਕੱ ਖ਼ਤਮ ਨਹੀਂ ਹੋਵੇਗਾ ਅਤੇ ਉਹ ਦੂਜੀ ਕੁਦਰਤ ਨਹੀਂ ਆ ਸਕਦੀ । ਜਦੋਂ ਤਕੱ ਮੈਂ ਨ ਜਾਵਾਂ । ਪਰ ਜਦੋਂ ਮੈਂ ਜਾਵਾਂਗਾ ਤਾਂ ਫ਼ਿਰ ਰਬੱ ਉਸ ਦੂਜੀ ਕੁਦਰਤ ਨੂੰ ਤੁਹਾਡੇ ਲਈ ਭੇਜ ਦੇਵੇਗਾ । ਜੋ ਸਦਾ ਤੁਹਾਡੇ ਨਾਲ ਰਹੇਗੀ । ਜਿਵੇਂ ਕਿ ਰਬੱ ਦਾ ਬਰਾਹੀਨੇ ਅਹਮਦੀਆ ਵਿਚੱ ਵਚਨ ਹੈ ।

ਸੋ, ਜਦੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਆਕਾਲ ਚਲਾਣਾ ਹੋਇਆ ਤਾਂ ਰਬੱ ਨੇ ਆਪਣੇ ਵਚਨ ਅਨੁਸਾਰ ਹਜ਼ਰਤ ਮੌਲਾਨਾ ਨੂਰ-ਉਦੱ-ਦੀਨ ਸਾਹਿਬ ਰਜ਼ੀ ਅੱਲਾਹ ਅੰਨਹੋ ਦੇ ਹਥੱ ਉੱਤੇ ਜਮਾਅਤ ਨੂੰ ਜਮਾ ਕੀਤਾ ਕੁਝੱ ਲੋਕ ਚਾਹੁੰਦੇ ਸਨ ਕਿ ਅੰਜਮੁਨ ਦੇ ਹਥੱ ਵਿਚੱ ਪ੍ਰਬੰਧ ਰਹੇ । ਪਰ ਉਨਾਂ ਨੇ ਮਜ਼ਬੁਤ ਹੱਥਾਂ ਨਾਲ ਇਸ ਫ਼ਸਾਦ ਦਾ ਖ਼ਾਤਮਾ ਫ਼ਰਮਾਇਆ । ਫ਼ਿਰ ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅੱਸਾਨੀ ਰਜ਼ੀ ਅੱਲਾਹ ਅੰਨਹੋ ਨੇ ਖ਼ਿਲਾਫ਼ਤ ਨੂੰ ਸਾਂਭਿਆਂ । ਇਸ ਮੌਕੇ ਉੱਤੇ ਵੀ ਮੁਨਾਫ਼ਕਾਂ ਨੇ ਜਮਾਅਤ ਵਿਚੱ ਵੰਡ ਪਾਉਣ ਦੀ ਕੋਸ਼ਿਸ਼ ਕੀਤੀ । ਪਰ ਰਬੱ ਨੇ ਮੋਮਿਨਾਂ ਦੀ ਜਮਾਅਤ ਨੂੰ ਇਕੱ ਹਥੱ ਉੱਤੇ ਜਮਾ ਕਰ ਦਿੱਤਾ ਅਤੇ ਵਿਰੋਧੀ ਅਸਫ਼ਲ ਅਤੇ ਨਿਸਫ਼ਲ ਹੋਏ । ਆਪ ਰਜ਼ੀ ਅੱਲਾਹ ਅੰਨਹੋ ਦੇ ਆਕਾਲ ਚਲਾਣੇ ਦੇ ਬਾਦ ਖ਼ਿਲਾਫ਼ਤੇ ਸਾਲਿਸਾ ਦਾ ਦੌਰ ਸ਼ੁਰੂ ਹੋਇਆ ਅਤੇ ਉਸ ਦੇ ਬਾਦ ਖ਼ਿਲਾਫ਼ਤੇ ਰਾਬੀਆ ਦਾ ਦੌਰ ਸ਼ੁਰੂ ਹੋਇਆ ।

ਇਸ ਦੇ ਬਾਦ ਹਜ਼ੂਰੇ ਅਨਵਰ ਨੇ ਕਮਾਲ ਵਿਨਮ੍ਰਤਾ ਦਾ ਪ੍ਰਕਟਾਵਾ ਕਰਦੇ ਹੋਏ ਫ਼ਰਮਾਇਆ ਕਿ ਰਬੱ ਨੇ ਮੈਨੂੰ ਇਹ ਪਦਵੀ ਬਖ਼ਸ਼ ਕੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਕੀਤੇ ਵਚਨ ਅਨੁਸਾਰ ਜਮਾਅਤ ਨੂੰ ਤਰੱਕੀ ਦੀ ਰਾਹ ਉੱਤੇ ਤੋਰਿਆ । ਵਿਰੋਧੀ ਨੇ ਵੰਡ ਪਾਉਣ ਦੀ ਬਹੁਤ ਕੋਸ਼ਿਸ਼ਾਂ ਕੀਤੀਆਂ । ਅਹਮਦੀਆਂ ਨੂੰ ਸ਼ਹੀਦ ਕੀਤਾ ਗਿਆ । ਸੰਸਾਰਿਕ ਲਾਲਚ ਦਿੱਤੇ ਗਏ । ਪਰ ਰਬੱ ਸੰਸਾਰ ਭਰ ਦੇ ਅਹਮਦੀਆਂ ਨੂੰ ਵਿਸ਼ਵਾਸ ਅਤੇ ਯਕੀਨ ਵਿਚੱ ਵਧਾਉਂਦਾ ਚਲਾ ਗਿਆ ।

ਅਹਮਦੀਆਂ ਦਾ ਖ਼ਿਲਾਫ਼ਤ ਨਾਲ ਜੋ ਸੰਬੰਧ ਹੈ । ਉਹ ਕੇਵਲ ਅਤੇ ਕੇਵਲ ਰਬੱ ਹੀ ਪੈਦਾ ਕਰ ਸਕਦਾ ਹੈ । ਕਿਸੇ ਮਨੁਖੱ ਵਿਚੱ ਇਹ ਸ਼ਕਤੀ ਨਹੀਂ ਹੈ ਕਿ ਅਜਿਹਾ ਪ੍ਰੇਮ ਅਤੇ ਮੁਹਬੱਤ ਦਾ ਸੰਬੰਧ ਪੈਦਾ ਕਰ ਸਕੇ । ਜੋ ਜਮਾਅਤ ਦੇ ਮੈਂਬਰਾਂ ਨੂੰ ਖ਼ਿਲਾਫ਼ਤ ਨਾਲ ਹੈ ਅਤੇ ਖ਼ਲੀਫ਼ਾ ਨੂੰ ਜਮਾਅਤ ਨਾਲ ਹੈ । ਮੈਂ ਜਿਸ ਦੇਸ਼ ਵਿਚੱ ਵੀ ਜਾਂਦਾ ਹਾਂ । ਉੱਥੇ ਇਹ ਨਜ਼ਾਰੇ ਵੇਖਣ ਵਿਚੱ ਆਉਂਦੇ ਹਨ ਅਤੇ ਇਹ ਕੇਵਲ ਕਹਿਣ ਦੀ ਗੱਲ੍ਹਾਂ ਨਹੀਂ ਹਨ । ਸਗੋਂ ਅਜੱ ਕਲ੍ਹੱ ਤਾਂ ਕੈਮਰੇ ਦੀ ਅਖੱ ਉਨ੍ਹਾਂ ਨੂੰ ਸਾਂਭ ਲੈਂਦੀ ਹੈ । ਐਮ. ਟੀ. ਏ ਇਹ ਨਜ਼ਾਰਾ ਵਿਖਾਉਂਦਾ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਵੇਖ ਕੇ ਵਿਰੋਧੀ ਵੀ ਇਹ ਕਹਿਣ ਉੱਤੇ ਮਜਬੂਰ ਹਨ ਕਿ ਰਬੱ ਦੀ ਅਮਲੀ ਗਵਾਹੀ ਤੁਹਾਡੇ ਨਾਲ ਹੈ ਅਤੇ ਫ਼ਿਰ ਹਜ਼ਾਰਾਂ ਪਤੱਰ ਮੈਨੂੰ ਜੋ ਆਉਂਦੇ ਹਨ । ਖ਼ਿਲਾਫ਼ਤ ਨਾਲ ਵਫ਼ਾ ਅਤੇ ਸ਼ਰਧਾ ਦਾ ਪ੍ਰਕਟਾਵਾ ਕਰਦੇ ਹਨ । ਰਬੱ ਕਿਵੇਂ ਲੋਕਾਂ ਨੂੰ ਆਪ ਖ਼ਿਲਾਫ਼ਤ ਨਾਲ ਜੋੜਦਾ ਹੈ ਅਤੇ ਕਿਵੇਂ ਉਨ੍ਹਾਂ ਦੇ ਦਿੱਲ੍ਹਾਂ ਵਿਚੱ ਖ਼ਿਲਾਫ਼ਤ ਨਾਲ ਪ੍ਰੇਮ ਪੈਦਾ ਕਰ ਦਿੰਦਾ ਹੈ । ਕੁਝੱ ਪਤੱਰ ਦੇ ਨਮੂਨੇ ਆਪ ਦੇ ਸਾਮਣੇ ਰਖੱਦਾ ਹਾਂ ।

ਤਨਜ਼ਾਨੀਆ ਦੇ ਇਕੱ ਮੁਅਲਿਮ ਲਿਖੱਦੇ ਹਨ ਕਿ ਇਕੱ ਦਿਨ ਜ਼ੋਹਰ ਦੀ ਨਮਾਜ਼ ਦੇ ਬਾਦ ਮਸਜਿਦ ਦੀ ਪੌੜ੍ਹਿਆਂ ਉੱਤੇ ਇਕੱ ਔਰਤ ਨੂੰ ਵੇਖਿਆ । ਜਿਸ ਨੇ ਦਸਿੱਆ ਕਿ ਉਹ ਦੂਆ ਕਰਵਾਉਣ ਆਈ ਹੈ ਜਿਵੇਂ ਕਿ ਗ਼ੈਰ ਅਹਮਦੀਆਂ ਵਿਚੱ ਦਮ ਦਰੂਦ ਦਾ ਰਿਵਾਜ ਹੈ । ਸੋ, ਅਸੀਂ ਉਸ ਨੂੰ ਜਮਾਅਤੀ ਸਿਖਿੱਆ ਨਾਲ ਜਾਣੂ ਕਰਵਾਇਆ ਅਤੇ ਦੂਆ ਵੀ ਕੀਤੀ । ਉਸ ਔਰਤ ਨੇ ਦਸਿੱਆ ਕਿ ਮੈਨੂੰ ਸੁਪਨੇ ਆਉਂਦੇ ਹਨ । ਜਿਸ ਵਿਚੱ ਇਕੱ ਲੰਮੀ ਦਾੜ੍ਹੀ ਵਾਲੇ ਮੈਨੂੰ ਦੀਨ ਸਿਖਾਉਂਦੇ ਹਨ । ਜਿਸ ਉੱਤੇ ਉਸ ਨੂੰ ਜਮਾਅਤੇ ਅਹਮਦੀਆ ਦਾ ਪਰਿਚਅ ਕਰਵਾਇਆ ਗਿਆ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਖ਼ੁਲਫ਼ਾ ਦੀ ਤਸਵੀਰ ਵਿਖਾਈ ਗਈ । ਉਸ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਵੇਖ ਕੇ ਕਿਹਾ ਕਿ ਇਹੀ ਬੁਜ਼ੁਰਗ ਮੇਰੇ ਸੁਪਨੇ ਵਿਚੱ ਆਉਂਦੇ ਹਨ ।

ਇੰਡੋਨੇਸ਼ੀਆ ਦੇ ਇਕੱ ਅਬਦੁੱਲਾਹ ਸਾਹਿਬ ਦਾ ਜਮਾਅਤ ਨਾਲ ਚੰਗਾ ਸੰਬੰਧ ਸੀ ਅਤੇ ਸਾਡੇ ਮਿਸ਼ਨਰੀ ਦੇ ਕਰੀਬੀ ਹੋਣ ਕਰਕੇ ਵਿਰੋਧੀਆਂ ਨੇ ਉਨਾਂ ਉੱਤੇ ਦੋਸ਼ ਲਾ ਦਿੱਤੇ ਅਤੇ ਆਪਣੀ ਮਸਜਿਦ ਵਿਚੱ ਆਉਣ ਤੋਂ ਮਨਾ ਕਰ ਦਿੱਤਾ। ਉਨਾਂ ਨੇ ਸੁਪਨਾ ਵੇਖਿਆ ਕਿ ਅਜਿਹੇ ਭੰਵਰ ਵਿਚੱ ਫ਼ੰਸ ਗਿਆ ਹਾਂ, ਜੋ ਤਬਾਹ ਕਰ ਦੇਵੇਗਾ। ਇਸ ਦੇ ਬਾਦ ਉਨ੍ਹਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਵੇਖ ਕੇ ਦਸਿੱਆ ਕਿ ਇਸ ਬੁਜ਼ੁਰਗ ਨੇ ਹੀ ਮੈਨੂੰ ਇਸ ਭੰਵਰ ਵਿੱਚੋਂ ਕੱਢਿਆ ਸੀ। ਉਨਾਂ ਦੇ ਬੇਟੇ ਨੇ ਵੀ ਸੁਪਨਾ ਵੇਖਾ ਸੀ ਅਤੇ ਇਸ ਦੇ ਬਾਦ ਖ਼ਲੀਫ਼ਾਤੁਲੱ ਮਸੀਹ ਅੱਸਾਲਿਸ ਰਹਿਮਾਹੁੱਲਾਹ, ਖ਼ਲੀਫ਼ਾਤੁਲੱ ਮਸੀਹ ਅੱਰਾਬੇ ਅਤੇ ਮੇਰੀ ਤਸਵੀਰਾਂ ਵੇਖ ਕੇ ਦਸਿੱਆ ਕਿ ਮੈਨੂੰ ਇਨਾਂ ਲੋਕਾਂ ਨੇ ਹੀ ਕਢਿੱਆ ਸੀ। ਫ਼ਿਰ ਅਬਦੁੱਲਾਹ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਬੈਅਤ ਕਰ ਲਈ।

ਹਜ਼ੂਰੇ ਅਨਵਰ ਨੇ ਫ਼ਰਮਾਇਆ : ਮਾਲੀ ਦੀ ਇਕੱ ਔਰਤ ਅਹਮਦੀ ਹੋਣ ਤੋਂ ਪਹਿਲਾਂ ਸੁਪਨੇ ਵਿਚੱ ਦੋ ਆਵਾਜ਼ਾਂ ਸੁਣਦੀਆਂ ਸਨ। ਇਕੱ ਮੇਰੀ ਤਿਲਾਵਤ ਦੀ ਅਤੇ ਦੂਜੀ ਉੱਥੇ ਦੇ ਮੁਅਲਿਮ ਸਾਹਿਬ ਦੀ ਆਵਾਜ਼। ਜਮਾਅਤ ਦੇ ਰੇਡਿਓ ਉੱਤੇ ਮੇਰੇ ਖ਼ਿਤਾਬ ਅਤੇ ਦੂਜੇ ਪ੍ਰੋਗਰਾਮ ਸੁਣੇ ਤਾਂ ਕਿਹਾ ਕਿ ਇਹੀ ਆਵਾਜ਼ਾਂ ਮੈਂ ਸੁਣਦੀ ਸੀ। ਫ਼ਿਰ ਉਸ ਨੇ ਬੈਅਤ ਕਰ ਲਈ।

ਕੈਮਰੂਨ ਦੇ ਇਕੱ ਨੌਜਵਾਨ ਕਹਿੰਦੇ ਹਨ ਕਿ ਕੁਝੱ ਸਾਲ ਪਹਿਲਾਂ ਸੁਪਨੇ ਵਿਚੱ ਦੋ ਬੁਜ਼ੁਰਗਾਂ ਨੂੰ ਵੇਖਿਆ। ਕੁਝੱ ਦਿਨਾਂ ਬਾਦ ਬਾਜ਼ਾਰ ਵਿਚੱ ਇਕੱ ਨੂਜਵਾਨ ਨੂੰ ਜਮਾਅਤ ਦੇ ਲੀਫ਼ਲੈਟਸ ਵੰਡਦੇ ਵੇਖਿਆ। ਤਾਂ ਇਸ ਲੀਫ਼ਲੈਟਸ ਵਿਚੱ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਤਸਵੀਰ ਸੀ। ਜੋ ਸੁਪਨੇ ਵਿਚੱ ਵੇਖੀ ਸੀ। ਜਮਾਅਤ ਨਾਲ ਸੰਬੰਧ ਕੀਤਾ। ਲਟਰੈਚਰ ਪੜ੍ਹਿਆ ਤਾਂ ਦੂਜੀ ਤਸਵੀਰ ਵੀ ਮੈਨੂੰ ਨਜ਼ਰ ਆ ਗਈ। ਜੋ ਮੌਜੂਦਾ ਖ਼ਲੀਫ਼ਾ ਦੀ ਸੀ। ਜਿਨ੍ਹਾਂ ਨੇ ਮੈਨੂੰ ਸੁਪਨੇ ਵਿਚੱ ਨਮਾਜ਼ ਪੜਣ ਲਈ ਕਿਹਾ ਸੀ। ਮੇਰੇ ਅਹਮਦੀਅਤ ਕਬੂਲ ਕਰਨ ਦੇ ਬਾਦ ਇਲਾਕੇ ਦਾ ਚੀਫ਼ ਆਕਾਲ ਚਲਾਣਾ ਕਰ ਗਿਆ ਤਾਂ ਮੈਨੂੰ ਇਲਾਕੇ ਦਾ ਚੀਫ਼ ਬਣਾ ਦਿੱਤਾ ਗਿਆ। ਕਹਿੰਦੇ ਹਨ ਕਿ ਇਹ ਸਾਰੀ ਬਰਕਤ ਮੈਨੂੰ ਜਮਾਅਤ ਵਿਚੱ ਸ਼ਾਮਿਲ ਹੋਣ ਸਦਕੇ ਮਿਲੀ ਹੈ।

ਗਿਨੀ ਬਸਾਓ ਦੀ ਇਕੱ ਔਰਤ ਆਇਸ਼ਾ ਮਾਰਯਾ ਸਾਹਿਬਾ ਦੇ ਦੋ ਪੁਤੱਰਾਂ ਨੇ ਅਮਦੀਅਤ ਕਬੂਲ ਕੀਤੀ। ਉਨ੍ਹਾਂ ਦੇ ਵੱਡੇ ਭਰਾ ਜਮਾਅਤ ਦੇ ਵਿਰੋਧੀ ਹਨ ਅਤੇ ਉਹੀ ਉਨ੍ਹਾਂ ਦੇ ਪਰਿਵਾਰ ਨੂੰ ਸਾਂਭਦੇ ਹਨ। ਉਨ੍ਹਾਂ ਨੇ ਗੁੱਸਾ ਕੀਤਾ ਕਿ ਜੇਕਰ ਅਹਮਦੀਅਤ ਨਹੀਂ ਛਡੱਦੇ ਤਾਂ ਮੇਰਾ ਤੁਹਾਡੇ ਨਾਲ ਕੋਈ ਸੰਬੰਧ ਨਹੀਂ। ਪੁਤੱਰਾਂ ਨੇ ਕਿਹਾ ਕਿ ਰਬੱ ਸਾਨੂੰ ਕਾਫ਼ੀ ਹੈ। ਅਸੀਂ ਅਹਮਦੀਅਤ ਨਹੀਂ ਛੱਡਾਂਗੇ। ਦੋ ਦਿਨ ਬਾਦ ਸੁਪਨੇ ਵਿਚੱ ਚਿੱਟੇ ਕਪੜੇ ਪਾਏ ਚਿੱਟੀ ਦਾੜ੍ਹੀ ਵਾਲੇ ਇਕ ਬੰਦੇ ਨੇ ਹੌਂਸਲਾ ਦਿੱਤਾ ਕਿ ਚਿੰਤਾ ਨ ਕਰੋ। ਤੁਹਾਡੇ ਪੁਤੱਰ ਸਭ ਤੋਂ ਉਪੱਰ ਰਹਿਣਗੇ। ਸਵੇਰ ਹੁੰਦੇ ਹੀ ਮਿਸ਼ਨਰੀ ਦੇ ਕੋਲ੍ਹ ਗਈਂ ਅਤੇ ਮੇਰੀ ਤਸਵੀਰ ਵੇਖ ਕੇ ਕਿਹਾ ਕਿ ਇਹੀ ਬੁਜ਼ੁਰਗ ਸਨ। ਬੈਅਤ ਕਰਨ ਦੇ ਬਾਦ ਬਹੁਤ ਐਕਟਿਵ ਅਹਮਦੀ ਹਨ।

ਕੀਨੀਆ ਦੇ ਇਕੱ ਇਲਾਕੇ ਭਾਟੀ ਵਿਚੱ ਈਸਾਈ ਬਹੁਤ ਹਨ। ਇਕੱ ਦਿਨ ਜਮਾਅਤ ਨਾਲ ਵਿਰੋਧਤਾ ਰਖੱਣ ਵਾਲਾ ਮੁੰਹਮਦ ਅਬਦੀ ਸਾਡੇ ਸੈਂਟਰ ਵਿਚੱ ਨਮਾਜ਼ ਲਈ ਆਇਆ। ਜਮਾਅਤ ਦਾ ਪਰਿਚਅ ਕਰਵਾਇਆ ਗਿਆ ਕੁਝੱ ਦਿਨ ਬਾਦ ਮੁਅਲਿਮ ਸਾਹਿਬ ਦੇ ਘਰ ਆਇਆ ਤਾਂ ਐਮ. ਟੀ. ਏ ਉੱਤੇ ਮੇਰਾ ਖ਼ੁਤਬਾ ਲਗਿੱਆ ਹੋਇਆ ਸੀ। ਖ਼ੁਤਬਾ ਖ਼ਤਮ ਹੋਣ ਦੇ ਬਾਦ ਬੈਅਤ ਕਰਨ ਲਈ ਕਹਿਣ ਲਗਿੱਆ। ਕਾਰਨ ਪੁਛਿੱਆ ਤਾਂ ਦਸਿੱਆ ਕਿ ਪਿਛੱਲੀ ਰਾਤ ਅਖੱ ਖੁਲੱਣ ਉੱਤੇ ਵਿਹੜ੍ਹੇ ਵਿਚੱ ਨਿਕਲਿਆ ਤਾਂ ਆਕਾਸ਼ ਉੱਤੇ ਚਮਕਦਾਰ ਚੀਜ਼ ਵੇਖੀ। ਜਿਸ ਦਾ ਮੇਰੇ ਉੱਤੇ ਢੂੰਗਾ ਪ੍ਰਭਾਵ ਅਤੇ ਰੋਹਬ ਸੀ। ਇਹ ਖ਼ੁਤਬਾ ਵੇਖ ਕੇ ਰਾਤ ਵਾਲੀ ਤਸਵੀਰ ਸੰਪੂਰਨ ਹੋ ਗਈ। ਪੂਰੇ ਪਰਿਵਾਰ ਦੇ ਨਾਲ ਜਮਾਅਤ ਵਿਚੱ ਦਾਖ਼ਲ ਹੋ ਗਏ।

ਸੈਰਾਲੀਓਨ ਤੋਂ ਇਬਰਾਹੀਮ ਸਾਹਿਬ ਨੇ ਐਮ. ਟੀ. ਏ ਉੱਤੇ ਮੇਰੇ ਖ਼ੁਤਬਾਤ ਸੁਣੇ ਅਤੇ ਖੁੱਲ੍ਹੇ ਆਮ ਕਹਿਣ ਲਗੱ ਗਏ ਕਿ ਮੌਲਵੀਆਂ ਦੀਆਂ ਗੱਲ੍ਹਾਂ ਝੂੱਠੀਆਂ ਹਨ । ਮੈਂ ਆਪ ਸੁਣਿਆਂ ਹੈ । ਈਮਾਮ ਜਮਾਅਤੇ ਅਹਮਦੀਆ ਆਪਣੇ ਖ਼ੁਤਬੇ ਵਿਚੱ ਕੁਰਆਨੇ ਕਰੀਮ ਅਤੇ ਹਦੀਸਾਂ ਦੇ ਹਵਾਲੇ ਬਿਆਨ ਕਰਦੇ ਹਨ । ਉਨ੍ਹਾਂ ਦਾ ਕਲਮਾ ਵੀ ਉਹੀ ਹੈ । ਇਸ ਲਈ ਅਹਮਦੀਆ ਜਮਾਅਤ ਝੂੱਠੀ ਨਹੀਂ ਹੋ ਸਕਦੀ ਅਤੇ ਉਸ ਨੇ ਅਹਮਦੀਅਤ ਕਬੂਲ ਕਰ ਲਈ ।

ਕਾਂਗੋ ਕੰਸ਼ਾਸਾ ਤੋਂ ਅਹਮਦ ਸਾਹਿਬ ਨੇ ਆਪਣੇ ਪਰਿਵਾਰ ਦੇ ਅਠੱ ਮੈਂਬਰਾਂ ਨਾਲ ਬੈਅਤ ਕੀਤੀ ਅਤੇ ਪ੍ਰਚਾਰ ਵੀ ਸ਼ੁਰੂ ਕੀਤਾ । ਜਿਸ ਦੇ ਨਤੀਜੇ ਵਿਚੱ 62 ਲੋਕ ਅਹਮਦੀ ਹੋ ਗਏ । ਖ਼ਲੀਫ਼ਾ ਅਤੇ ਨਿਜ਼ਾਮੇ ਖ਼ਿਲਾਫ਼ਤ ਉਨ੍ਹਾਂ ਦੇ ਅਹਮਦੀ ਹੋਣ ਦਾ ਵੱਡਾ ਕਾਰਨ ਬਣੀ । ਇਸ ਦੇ ਬਾਦ ਉਨ੍ਹਾਂ ਦੇ ਪ੍ਰਚਾਰ ਨਾਲ ਵੀ ਜਮਾਅਤ ਬਹੁਤ ਵੱਧੀ ।

ਅਮੀਰ ਸਾਹਿਬ ਕਾਂਗੋ ਕੰਸ਼ਾਸਾ ਲਿਖੱਦੇ ਹਨ ਕਿ ਕਾਂਗੋ ਵਿਚੱ ਜਮਾਅਤੀ ਰੇਡੀਓ ਸਟੈਸ਼ਨ ਤੋਂ ਬਿਨਾਂ 23 ਵਖੱ ਵਖੱ ਰੇਡਿਓ ਸਟੈਸ਼ਨਾਂ ਉੱਤੇ ਅਧਿਐਨ ਅਤੇ ਪ੍ਰਚਾਰ ਸੰਬੰਧੀ ਪ੍ਰੋਗਰਾਮ ਅਤੇ ਖ਼ੁਤਬਾ ਜੁਮਆ ਪ੍ਰਸਾਰਿਤ ਕੀਤਾ ਜਾਂਦਾ ਹੈ । ਇਕੱ ਲੋਕਲ ਈਸਾਈ ਡਾਕਟਰ ਨੇ ਕਿਹਾ ਕਿ ਮੈਂ ਹਰ ਇਕੱ ਖ਼ੁਤਬਾ ਸੁਣਦਾ ਹਾਂ ਅਤੇ ਮੇਰੀ ਬਿਨਤੀ ਹੈ ਕਿ ਲੋਕਲ ਭਾਸ਼ਾਵਾਂ ਵਿਚੱ ਵੀ ਇਸ ਦਾ ਅਨੁਵਾਦ ਕੀਤਾ ਜਾਏ ਤਾਂ ਕਿ ਵਧੱ ਤੋਂ ਵਧੱ ਲੋਕ ਲਾਭ ਚੁਕੱ ਸਕਣ । ਰਬੱ ਇੰਝ ਇਸਲਾਮ ਅਤੇ ਅਹਮਦੀਅਤ ਦਾ ਸੰਦੇਸ਼ ਪਹੁੰਚਾਉਣ ਦਾ ਪ੍ਰਬੰਧ ਫ਼ਰਮਾ ਰਿਹਾ ਹੈ ।

ਹਜ਼ੂਰੇ ਅਨਵਰ ਨੇ ਟਰੈਨਾਡਾਡ, ਕਰਗਿਜ਼ਤਾਨ ਅਤੇ ਬੰਗਲਾਦੇਸ਼ ਦੇ ਵੀ ਕਿੱਸੇ ਬਿਆਨ ਕਰਕੇ ਫ਼ਰਮਾਇਆ ਕਿ ਇਕੱ ਸਮੇਂ ਉਨ੍ਹਾਂ ਦੇ ਸੀਨੇ ਵੀ ਖੁਲ੍ਹੱਣਗੇ ਅਤੇ ਇਹ ਅਹਮਦੀਅਤ ਨੂੰ ਪਛਾਣ ਵੀ ਲੈਣਗੇ । ਖ਼ਿਲਾਫ਼ਤ ਦੀਆਂ ਬਰਕਤਾਂ ਜਾਰੀ ਰਹਿਣਗੀਆਂ ।

ਇਹ ਕਿੱਸੇ, ਖ਼ਿਲਾਫ਼ਤੇ ਅਹਮਦੀਆ ਲਈ ਰਬੱ ਦੀ ਮਦਦ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਗ਼ੁਲਾਮੀ ਵਿਚੱ ਆ ਕੇ ਸੰਸਾਰ ਨੂੰ ਜੋ ਇਕੱ ਉਮੱਤ ਬਣਾਉਣਾ ਸੀ, ਉਸ ਦੀ ਸੱਚਾਈ ਦਾ ਪ੍ਰਮਾਣ ਹਨ । ਮੁਸ਼ਕਿਲਾਂ ਦੇ ਬਾਦ ਵੀ ਕੇਵਲ ਖ਼ਿਲਾਫ਼ਤੇ ਅਹਮਦੀਆ ਹੀ ਸਾਰੇ ਸੰਸਾਰ ਵਿਚੱ ਇਸਲਾਮ ਦੀ ਤਰੱਕੀ ਅਤੇ ਪ੍ਰਚਾਰ ਦਾ ਕੰਮ ਕਰ ਰਹੀ ਹੈ । ਜੋ ਰਬੱ ਦੀ ਅਮਲੀ ਗਵਾਹੀ ਦਾ ਪ੍ਰਮਾਣ ਹੈ ।

ਰਬੱ ਦੇ ਵਚਨਾਂ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਭਵਿਖੱਬਾਣੀ ਅਨੁਸਾਰ ਨਬੁਵੱਤ ਦੇ ਬਾਦ ਆਉਣ ਵਾਲੀ ਖ਼ਿਲਾਫ਼ਤ ਅੰਤਿਮ ਦਿਨ ਤਕੱ ਚਲੇਗੀ । ਸਦਾ ਕਾਯਮ ਰਹੇਗੀ ਅਤੇ ਕੋਈ ਵਿਰੋਧੀ ਉਸ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ । ਸੋ, ਆਪਣੇ ਵਿਸ਼ਵਾਸਾਂ ਵਿਚੱ ਦਰਿੜ੍ਹਤਾ ਲੈ ਕੇ ਆਉ । ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਜੋੜ੍ਹੇ ਰੱਖੋ ਅਤੇ ਉਸ ਲਈ ਕਿਸੇ ਕੁਰਬਾਨੀ ਤੋਂ ਨ ਡਰੋ । ਰਬੱ ਇਸ ਦੀ ਤੌਫ਼ੀਕ ਬਖ਼ਸ਼ੇ । ਆਮੀਨ

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا ! اَلْحَمْدُ لِلّٰہِ عِبَادَ اللّٰہِ رَحِمَکُمُ اللّٰہُ اِنَّ اللّٰہَ وَرَسُوْلَہٗ مَن یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔